ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰਬਰ 35 ਅਧੀਨ ਸਥਾਪਿਤ)
(ਕਾਲਜ ਸੈਕਸ਼ਨ)

ਮਿਤੀ-ਬੱਧ
ਅਤਿ ਜ਼ਰੂਰੀ

ਨੰ. 5933 ਸ.1/ਕਾਲਜ
ਮਿਤੀ 31/8/18

ਯੂਨੀਵਰਸਿਟੀ ਨਾਲ Affiliated ਸਮੂਹ ਕਾਲਜਾਂ ਦੇ
ਪ੍ਰਿੰਸੀਪਲ/ਪ੍ਰਧਾਨ/ਚੇਅਰਮੈਨ/ਡਾਇਰੈਕਟਰ ਸਾਹਿਬਾਨ ਨੂੰ
(ਜਿਨ੍ਹਾਂ ਕੋਰਸਾਂ ਦੇ ਦਾਖਲੇ ਪੰਜਾਬ ਸਰਕਾਰ/ਸੈਂਟਰਲ ਏਜੰਸੀਆਂ ਵੱਲੋਂ ਕੀਤੇ ਜਾਂਦੇ ਹਨ, ਉਨ੍ਹਾਂ ਕੋਰਸਾਂ ਨੂੰ ਛੱਡ ਕੇ)

ਵਿਸ਼ਾ:- ਸੈਸ਼ਨ 2018-19 ਲਈ Under Graduate ਅਤੇ Post Graduate Courses ਵਿੱਚ ਲੇਟ ਫੀਸ ਨਾਲ ਦਾਖਲਿਆਂ ਦਾ ਸ਼ਡਿਊਲ।

ਸ੍ਰੀਮਾਨ/ਸ੍ਰੀਮਤੀ ਜੀ,

ਇਸ ਦਫਤਰ ਵੱਲੋਂ ਪਹਿਲਾਂ ਜਾਰੀ ਪੱਤਰ/ਸਰਕੂਲਰ ਨੰ:5766/ਸ-1/ਕਾਲਜ ਮਿਤੀ 23.08.2018 ਦੀ ਲਗਾਤਾਰਤਾ ਵਿੱਚ ਉਪਰੋਕਤ ਵਿਸ਼ੇ ਸਬੰਧੀ ਮਾਨਯੋਗ ਵਾਈਸ-ਚਾਂਸਲਰ ਸਾਹਿਬ ਵੱਲੋਂ ਹੋਏ ਆਦੇਸ਼ਾਂ ਦੀ ਲੋਅ ਵਿਚ ਸੂਚਿਤ ਕੀਤਾ ਜਾਂਦਾ ਹੈ ਕਿ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ ਸੈਸ਼ਨ 2018-19 ਲਈ ਯੂਨੀਵਰਸਿਟੀ ਨਾਲ ਸਬੰਧਤ ਐਜੂਕੇਸ਼ਨ/ਫਿਜ਼ੀਕਲ ਐਜੂਕੇਸ਼ਨ/ਲਾਅ/ਮੈਨੇਜਮੈਂਟ/ ਟੈਕਨਾਲੋਜੀ/ ਡਿਗਰੀ ਅਤੇ ਯੂਨੀਵਰਸਿਟੀ ਦੇ ਕਾਂਸਟੀਚੂਐਂਟ ਕਾਲਜਾਂ ਲਈ ਦਾਖਲਿਆਂ (ਜਿਨ੍ਹਾਂ ਕੋਰਸਾਂ ਦੇ ਦਾਖਲੇ ਪੰਜਾਬ ਸਰਕਾਰ/ਸੈਂਟਰਲ ਏਜੰਸੀਆਂ ਵੱਲੋਂ ਕੀਤੇ ਜਾਂਦੇ ਹਨ, ਉਨ੍ਹਾਂ ਕੋਰਸਾਂ ਦੇ ਭਾਗ ਪਹਿਲਾ/ਐਂਟਰੀ ਪੁਆਇੰਟ ਦੇ ਦਾਖਲੇ ਨੂੰ ਛੱਡ ਕੇ) ਦਾ ਲੇਟ ਫੀਸ ਨਾਲ ਦਾਖਲਾ ਲੈਣ ਦਾ ਹੇਠ ਲਿਖੇ ਅਨੁਸਾਰ ਸ਼ਡਿਊਲ ਨਿਰਧਾਰਤ ਕੀਤਾ ਜਾਂਦਾ ਹੈ:

ਆਰਟਸ/ਸਾਇੰਸ/ਕਾਮਰਸ/ਯੂਨੀਵਰਸਿਟੀ ਕਾਂਸਟੀਚੂਐਂਟ ਕਾਲਜਾਂ ਵਿਖੇ ਲੇਟ ਫੀਸ ਨਾਲ ਦਾਖਲਿਆਂ ਦਾ ਸ਼ਡਿਊਲ :

| | | |
|---|---|---|
| i) | 500/- ਰੁ: ਲੇਟ ਫੀਸ ਅਤੇ ਕਾਲਜ ਦੇ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ | 01.9.2018 ਤੋਂ 05.9.2018 |
| ii) | 1000/- ਰੁ: ਲੇਟ ਫੀਸ ਅਤੇ ਡੀਨ, ਕਾਲਜ ਵਿਕਾਸ ਕੌਂਸਲ ਦੀ ਪ੍ਰਵਾਨਗੀ ਨਾਲ | 06.9.2018 ਤੋਂ 10.9.2018 |
| iii) | 1500/-ਰੁ: ਲੇਟ ਫੀਸ ਅਤੇ ਵਾਈਸ ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ | 11.9.2018 ਤੋਂ 13.9.2018 |
| iv) | 2000/-ਰੁਪਏ ਲੇਟ ਫੀਸ ਅਤੇ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ ਵਾਈਸ ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ | 14.9.2018 ਤੋਂ 15.9.2018 |

ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਉਕਤ ਲੇਟ ਫੀਸ ਨਾਲ ਦਾਖਲ ਕੀਤੇ ਵਿਦਿਆਰਥੀਆਂ ਦੇ ਸਬੰਧਤ ਕੋਰਸ ਵਿੱਚ ਨਿਯਮਾਂ ਅਨੁਸਾਰ ਨਿਰਧਾਰਤ ਲੋੜੀਂਦੇ ਲੈਕਚਰ/ਹਾਜ਼ਰੀਆਂ ਪੂਰੀਆਂ ਕਰਵਾਉਣ ਦੀ ਜ਼ਿੰਮੇਵਾਰੀ ਕਾਲਜ ਦੀ ਆਪਣੀ ਹੋਵੇਗੀ।

ਉਪਰੋਕਤ ਅਨੁਸਾਰ ਲੇਟ ਫੀਸ ਨਾਲ ਦਾਖਲ ਕੀਤੇ ਵਿਦਿਆਰਥੀਆਂ ਦੀਆਂ ਦਾਖਲਾ ਰਜਿਸਟ੍ਰੇਸ਼ਨ ਰਿਟਰਨਾਂ ਉਕਤ ਨਿਰਧਾਰਤ ਸ਼ਡਿਊਲ ਅਨੁਸਾਰ ਆਖਰੀ ਮਿਤੀ ਤੋਂ ਬਾਅਦ ਬਿਨ੍ਹਾਂ ਲੇਟ ਫੀਸ ਨਾਲ ਪੰਜ ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ ਯੂਨੀਵਰਸਿਟੀ ਵਿਖੇ ਜਮ੍ਹਾਂ ਕਰਵਾਉਣੇ ਲਾਜ਼ਮੀ ਹੋਣਗੇ।

Taru Kaul 31/8/18
ਡੀਨ,
ਕਾਲਜ ਵਿਕਾਸ ਕੌਂਸਲ

ਪਿੱਠ ਅੰਕਣ ਨੰਬਰ 5937-42/ਕਾਲਜ/ਸ-1 ਮਿਤੀ 31/8/18

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਕੰਟਰੋਲਰ (ਪ੍ਰੀਖਿਆਵਾਂ)
2. ਡਾ. ਕਵਲਜੀਤ ਸਿੰਘ (ਕੋ-ਕੋਆਰਡੀਨੇਟਰ) ਡਾਇਰੈਕਟਰ ਯੂਨੀਵਰਸਿਟੀ ਕੰਪਿਊਟਰ ਸੈਂਟਰ
3. ਡਾ. ਸਤਨਾਮ ਸਿੰਘ ਸੰਧੂ (ਕੋ-ਕੋਆਰਡੀਨੇਟਰ) ਡਿਸਟੈਂਸ ਐਜੂਕੇਸ਼ਨ ਵਿਭਾਗ
4. ਡਾਇਰੈਕਟਰ, ਕਾਂਸਟੀਚੂਐਂਟ (ਕਾਲਜਿਜ਼)
5. ਨਿਗਰਾਨ (ਰਜਿਸਟ੍ਰੇਸ਼ਨ ਸ਼ਾਖਾ)
6. ਨਿਗਰਾਨ (ਲੇਖਾ-2)

31/8/18
ਸਹਾਇਕ ਰਜਿਸਟਰਾਰ (ਕਾਲਜਾਂ)